# THE GP PATIENT SURVEY

ਜਨਵਰੀ 2012

**ਸਥਾਨਿਕ ਜੀ.ਪੀ. ਅਤੇ ਦੰਦਾਂ ਦੇ ਇਲਾਜ ਦੀਆਂ ਸੇਵਾਵਾਂ ਦੀ ਰੂਪ-ਰੇਖਾ ਲਈ ਤੁਹਾਡਾ ਮੌਕਾ**

ਮੈਂ ਤੁਹਾਨੂੰ ਸਥਾਨਿਕ ਦੇਖ-ਭਾਲ ਅਤੇ ਸੇਵਾਵਾਂ ਵਿਚ ਬਿਹਤਰੀ ਲਿਆਉਣ ਵਿਚ ਮਦਦ ਲਈ ਤੁਹਾਡੀ ਪਰਤੀ-ਸੂਚਨਾ ਪੁੱਛਣ ਬਾਰੇ ਲਿਖ ਰਿਹਾ ਹਾਂ। ਨਾਲ ਨੱਥੀ ਕੀਤਾ ਗਿਆ ਸਰਵੇਖਣ ਤੁਹਾਡੇ ਸਥਾਨਿਕ ਜੀ.ਪੀ. ਦੀ ਸਰਜਰੀ ਅਤੇ ਹੋਰਨਾਂ ਸਥਾਨਿਕ ਐਨ.ਐਚ.ਐਸ. ਸੇਵਾਵਾਂ ਦੇ ਤੁਹਾਡੇ ਤਜਰਬੇ ਬਾਰੇ ਤੁਹਾਨੂੰ ਪੁੱਛਦਾ ਹੈ, ਅਤੇ ਇਸ ਵਿਚ ਤੁਹਾਡੀ ਸਧਾਰਨ ਸਿਹਤ ਬਾਰੇ ਸੁਆਲ ਸ਼ਾਮਿਲ ਹਨ।

**ਇਸ ਸਰਵੇਖਣ ਵਿੱਚ ਭਾਗ ਲੈਣ ਲਈ ਕਿਰਪਾ ਕਰਕੇ ਨੱਥੀ ਕੀਤੇ ਗਏ ਸੁਆਲਨਾਮੇ ਨੂੰ ਭਰੋ** ਅਤੇ ਇਸ ਨੂੰ ਮੁਹੱਈਆ ਕੀਤੇ ਗਏ ਲਿਫ਼ਾਫ਼ੇ ਵਿਚ ਪਾ ਕੇ ਵਾਪਸ ਘੱਲ ਦਿਓ। ਤੁਹਾਨੂੰ ਟਿਕਟ ਲਾਉਣ ਦੀ ਲੋੜ ਨਹੀਂ। ਇਸ **ਸੁਆਲਨਾਮੇ ਨੂੰ ਭਰ ਕੇ ਜਿੰਨੀ ਛੇਤੀ ਹੋ ਸਕੇ ਵਾਪਸ ਘੱਲ ਕੇ** ਤੁਸੀਂ ਖ਼ਰਚੇ ਘਟਾਉਣ ਵਿੱਚ ਮਦਦ ਕਰ ਸਕਦੇ ਹੋ ਕਿਉਂਕਿ ਜੇ ਲੋਕ ਪਹਿਲੀ ਚਿੱਠੀ ਦਾ ਜੁਆਬ ਨਹੀਂ ਦਿੰਦੇ ਤਾਂ ਅਸੀਂ ਉਨ੍ਹਾਂ ਨੂੰ ਮੁੜ ਕੇ ਚੇਤਾ ਕਰਵਾਉਣ ਲਈ ਚਿੱਠੀ ਘੱਲਾਂਗੇ।

ਭਾਵੇਂ ਤੁਸੀਂ ਪਹਿਲਾਂ ਹੀ ਇੱਕ ਸੁਆਲਨਾਮਾ ਭਰ ਚੁੱਕੇ ਹੋ, ਜਾਂ ਤੁਸੀਂ ਪਿੱਛੇ ਜਿਹੇ ਆਪਣੇ ਜੀ.ਪੀ. ਦੀ ਸਰਜਰੀ ਨਹੀਂ ਗਏ ਹੋ, ਤੁਹਾਡੇ ਵਿਚਾਰ ਫਿਰ ਵੀ ਸਾਡੇ ਲਈ ਮਹੱਤਵਪੂਰਣ ਹਨ।

**ਤੁਹਾਡੇ ਜੁਆਬ ਸਖ਼ਤੀ ਨਾਲ ਗੁਪਤ ਰੱਖੇ ਜਾਣਗੇ।** ਕੇਵਲ ਗੁਮਨਾਮ ਸਮੁੱਚੇ ਨਤੀਜੇ ਐਨ.ਐਚ.ਐਸ. ਨੂੰ ਘੱਲੇ ਜਾਣਗੇ ਅਤੇ ਉਹ ਕਿਸੇ ਇੱਕ ਵਿਅਕਤੀਗਤ ਮਰੀਜ਼ ਦੇ ਵਿਚਾਰ ਜਾਂ ਜਾਣਕਾਰੀ ਨਹੀਂ ਦੇਖਣਗੇ।

ਸਰਵੇਖਣ ਬਾਰੇ ਸਫ਼ੇ ਉਪਰ ਹੋਰ ਜਾਣਕਾਰੀ ਵੀ ਹੈ। ਜੇ ਤੁਹਾਡੇ ਹੋਰ ਵੀ ਸੁਆਲ ਹਨ ਜਾਂ ਸੁਆਲਨਾਮਾ ਭਰਨ ਵਿਚ ਮਦਦ ਦੀ ਲੋੜ ਹੈ, ਕਿਰਪਾ ਕਰਕੇ **www.gp-patient.co.uk** 'ਤੇ ਫੇਰੀ ਪਾਓ ਜਿੱਥੇ ਤੁਸੀਂ ਸਰਵੇਖਣ ਨੂੰ ਆਨ-ਲਾਇਨ ਵੀ ਭਰ ਸਕਦੇ ਹੋ, ਜਾਂ ਇਪਸਸ ਮੋਰੀ ਨੂੰ ਮੁਫ਼ਤ ਫ਼ੋਨ **0808 238 5380** ਉਪਰ ਕਾਲ ਕਰੋ (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ **9** ਵਜੇ ਤੋਂ ਰਾਤੀਂ **9** ਵਜੇ; ਸਨਿਚਰਵਾਰ ਨੂੰ ਸਵੇਰੇ **10** ਵਜੇ ਤੋਂ ਸ਼ਾਮੀਂ **5** ਵਜੇ ਤੀਕਰ)

ਆਪਣਾ ਸਮਾਂ ਦੇਣ ਲਈ ਤੁਹਾਡਾ ਬਹੁਤ ਧੰਨਵਾਦ।
ਤੁਹਾਡਾ ਸ਼ੁਭਚਿੰਤਕ

**Richard Armstrong**
***Head of Primary Medical Care***
***Department of Health***

## ਕੁੱਝ ਸੁਆਲ ਅਤੇ ਜੁਆਬ

**ਅਸੀਂ ਇਹ ਸਰਵੇਖਣ ਕਿਉਂ ਕਰ ਰਹੇ ਹਾਂ?**

ਐਨ.ਐਚ.ਐਸ. ਜੀ.ਪੀ. ਦੀਆਂ ਸਰਜਰੀਆਂ ਅਤੇ ਐਨ.ਐਚ.ਐਸ. ਦੰਦਾਂ ਦੇ ਇਲਾਜ ਦੀਆਂ ਸੇਵਾਵਾਂ ਤੀਕਰ ਪਹੁੰਚ ਦੇ ਮਰੀਜ਼ ਦੇ ਤਜਰਬਿਆਂ ਨੂੰ ਬਿਹਤਰ ਬਣਾਉਣ ਲਈ ਕੰਮ ਕਰ ਰਿਹਾ ਹੈ। ਜੀ.ਪੀ. ਮਰੀਜ਼ ਸਰਵੇਖਣ ਇਸ ਪ੍ਰਭਾਵ ਨੂੰ ਮਿਣੇਗਾ ਕਿ ਸੇਵਾਵਾਂ ਕਿਵੇਂ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਉਹ ਤੁਹਾਡੀਆਂ ਲੋੜਾਂ 'ਤੇ ਬਿਹਤਰ ਢੰਗ ਨਾਲ ਪੂਰੀਆਂ ਉਤਰ ਸਕਣ।

**ਕੀ ਤੁਸੀਂ ਮੇਰੇ ਵਿਅਕਤੀਗਤ ਨਤੀਜੇ ਦੇਖਣ ਯੋਗ ਹੋਵੋਗੇ?**

ਅਸੀਂ ਤੁਹਾਡੇ ਵਿਅਕਤੀਗਤ ਜੁਆਬ ਨਹੀਂ ਦੇਖਾਂਗੇ  ਕੇਵਲ ਸਮੁੱਚੇ ਨਤੀਜੇ ਐਨ.ਐਚ.ਐਸ. ਨੂੰ ਘੱਲੇ ਜਾਣਗੇ। ਜੇ ਤੁਸੀਂ ਵਿਅਕਤੀਗਤ ਸੁਆਲਾਂ ਦੇ ਜੁਆਬ ਨਾ ਦੇਣ ਨੂੰ ਤਰਜੀਹ ਦਿਓ, ਕਿਰਪਾ ਕਰਕੇ ਉਨ੍ਹਾਂ ਨੂੰ ਖ਼ਾਲੀ ਛੱਡ ਦਿਓ ਪਰ ਬਾਕੀ ਦੇ ਸੁਆਲਨਾਮੇ ਨੂੰ ਪੂਰਾ ਕਰੋ। ਸੁਆਲਨਾਮੇ ਨੂੰ ਭਰਨਾ ਤੁਹਾਡੀ ਮਨਮਰਜ਼ੀ ਹੈ ਪਰ ਸਾਨੂੰ ਆਸ ਹੈ ਕਿ ਤੁਸੀਂ ਭਾਗ ਲਓਗੇ।

**ਅਸੀਂ ਤੁਹਾਡਾ ਨਾਂ ਅਤੇ ਸਿਰਨਾਵਾਂ ਕਿਵੇਂ ਲਿਆ?**

ਇਪਸਸ ਮੋਰੀ ਤੁਹਾਨੂੰ ਇਹ ਸੁਆਲਨਾਮਾ ਸਿਹਤ ਵਿਭਾਗ ਵੱਲੋਂ ਘੱਲ ਰਿਹਾ ਹੈ। ਤੁਹਾਡਾ ਨਾਂ ਜੀ.ਪੀ. ਕੋਲ ਰਜਿਸਟਰਡ ਮਰੀਜ਼ਾਂ ਦੀ ਸੂਚੀ ਵਿੱਚੋਂ ਬੇਤਰਤੀਬ ਢੰਗ ਚੁਣਿਆ ਗਿਆ ਸੀ। ਇਪਸਸ ਮੋਰੀ ਤੁਹਾਡੀ ਸੰਪਰਕ ਜਾਣਕਾਰੀ ਨੂੰ ਗੁਪਤ ਰੱਖੇਗੀ ਅਤੇ ਇਸ ਨੂੰ ਕੇਵਲ ਤੁਹਾਨੂੰ ਇਹ ਸੁਆਲਨਾਮਾ ਘੱਲਣ ਲਈ ਵਰਤੇਗੀ।

ਜਦੋਂ ਸਰਵੇਖਣ ਮੁੱਕ ਜਾਏਗਾ, ਇਪਸਸ ਮੋਰੀ ਤੁਹਾਡੇ ਨਿੱਜੀ ਸੰਪਰਕ ਵੇਰਵੇ ਨੂੰ ਨਾਸ਼ ਕਰ ਦੇਵੇਗੀ। ਇਪਸਸ ਮੋਰੀ ਨੂੰ ਤੁਹਾਡੀ ਸਿਹਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

**ਜੇ ਤੁਹਾਨੂੰ ਇਸ ਸੁਆਲਨਾਮੇ ਨੂੰ ਭਰਨ ਵਿਚ ਕੋਈ ਸਮੱਸਿਆ ਹੈ, ਜਾਂ ਤੁਸੀਂ ਇਸ ਨੂੰ ਬ੍ਰੇਲ ਜਾਂ ਵੱਡੀ ਛਪਾਈ ਵਿੱਚ ਚਾਹੁੰਦੇ ਹੋ ਮੁਫ਼ਤ ਫ਼ੋਨ 0808 238 5380 'ਤੇ ਕਾਲ ਕਰੋ ਜਾਂ ਵੈਬਸਾਈਟ www.gp-patient.co.uk 'ਤੇ ਫੇਰੀ ਪਾਓ।**